# ਲਾਲ ਜੀ

[ਮੰਚ ਦੇ ਇਕ ਪਾਸੇ ਸਪਾਟ ਤੇ ਇਕ ਨਿੱਕੀ ਜਿਹੀ ਝੁੱਗੀ ਹੈ। ਉਸਦੇ ਬਾਹਰ ਇਕ ਬੁੱਢਾ ਤੇ ਇਕ ਬੁੱਢੀ ਬੈਠੇ ਹਨ।]

ਬੁੱਢਾ : ਦਿਨ ਕਿੰਨੇ ਹੀ ਲੰਮੇ ਨੇ।

ਬੁੱਢੀ : ਰਾਤਾਂ ਉਨ੍ਹਾਂ ਤੋਂ ਵੀ ਲੰਮੀਆਂ ਨੇ।

ਬੁੱਢਾ : ਸਾਡੇ ਵਿਹੜੇ ਵੀ ਕੋਈ ਬੱਚਾ ਹੁੰਦਾ ਤਾਂ ਕਿੰਨੀ ਰੌਣਕ ਹੁੰਦੀ।

ਬੁੱਢੀ : ਦਿਨ ਵੀ ਛੋਟੇ ਲਗਦੇ ਤੇ ਰਾਤਾਂ ਵੀ ਝੱਟ ਬੀਤ ਜਾਂਦੀਆਂ।

ਬੁੱਢਾ : ਰੱਬ ਨੇ ਸਾਨੂੰ ਪਤਾ ਨਹੀਂ ਬੱਚਾ ਕਿਉਂ ਨਹੀਂ ਦਿੱਤਾ।

ਬੁੱਢੀ : ਸ਼ਾਇਦ ਅਸੀਂ ਕੋਈ ਗੁਨਾਹ ਕੀਤਾ ਹੋਏ।

ਬੁੱਢਾ : ਮੈਂ ਤਾਂ ਕੋਈ ਨਹੀਂ ਕੀਤਾ।

ਬੁੱਢੀ : ਮੈਂ ਵੀ ਕੋਈ ਨਹੀਂ ਕੀਤਾ।

ਬੁੱਢਾ : ਸ਼ਾਇਦ ਪਿਛਲੇ ਜਨਮ ਕੋਈ ਕੀਤਾ ਹੋਵੇ।

ਬੁੱਢੀ : ਪਿਛਲਾ ਜਨਮ ਕਿਸ ਨੇ ਵੇਖਿਆ ਏ ? (ਉੱਠਦਿਆਂ ਹੋਇਆਂ) ਮੈਂ ਨਦੀ ਜਾ ਕੇ ਕੱਪੜੇ ਧੋ ਆਵਾਂ।

ਬੁੱਢਾ : ਧੋ ਆ...ਪਰ ਜਲਦੀ ਆ ਜਾਵੀਂ।

ਬੁੱਢੀ : ਕਿਉਂ ?

ਬੁੱਢਾ : ਮੇਰਾ ਇਕੱਲਿਆਂ ਜੀ ਨਹੀਂ ਲਗਦਾ।

ਬੁੱਢੀ : ਜੀ ਲਾਉਣ ਦੀ ਜਾਚ ਸਿੱਖੋ।

*(ਅੰਦਰ ਜਾਂਦੀ ਹੈ ਤੇ ਬਾਲਟੀ ਤੇ ਕੱਪੜੇ ਲੈ ਕੇ ਤੁਰ ਪੈਂਦੀ ਹੈ। ਬੜੇ ਨਖਰੇ ਦੀ ਚਾਲ ਨਾਲ ਚਲਦੀ ਹੈ ਤੇ ਬੁੱਢਾ ਵਿਅੰਗਮਈ ਨਜ਼ਰਾਂ ਨਾਲ ਵੇਖਦਾ ਹੈ ਤੇ ਆਵਾਜ਼ਾਂ ਕੱਸਦਾ ਹੈ—'ਵੇਖਾਂ ਕਿੱਦਾਂ ਸੱਪ ਵਾਂਗ ਮੇਲਦੀ ਜਾਂਦੀ ਹੈ' ਤੇ ਇਸ ਦੇ ਨਾਲ ਹੀ ਫੇਡ ਆਊਟ ਹੁੰਦਾ ਹੈ ਤੇ ਰੌਸ਼ਨੀ ਦੂਜੇ ਸਪਾਟ 'ਤੇ ਪੈਂਦੀ ਹੈ, ਜਿਥੇ ਨਦੀ ਵਗਣ ਦਾ ਪ੍ਰਭਾਵ ਹੈ। ਬੁੱਢੀ ਜ਼ੋਰ ਜ਼ੋਰ ਸੋਟਾ ਮਾਰ ਕੱਪੜੇ ਧੋ ਰਹੀ ਹੈ।)*

ਬੁੱਢੀ : (ਬੁੜਬੁੜ ਕਰਦੀ) ਇਹ ਕੱਪੜੇ ਧੋਣਾ ਵੀ ਕਿੰਨਾ ਵਖਤ ਏ...ਬੁੱਢਾ ਕੱਪੜੇ ਵੀ ਕਿੰਨੇ ਮੈਲੇ ਕਰਦਾ ਏ...(ਹਉਕਾ ਲੈ ਕੇ) ਬੱਚਿਆਂ ਦੇ ਨਿੱਕੇ-ਨਿੱਕੇ ਕੱਪੜੇ ਧੋਣ ਦਾ ਕਿੰਨਾ ਸੁਆਦ ਏ...ਮੇਰੀ ਗਵਾਂਢਣ

ਕਿੰਨੀ ਕਿਸਮਤ ਵਾਲੀ ਏ। (ਹੁਣ ਅਕੇਵੇਂ ਜਹੇ ਨਾਲ ਕੱਪੜਿਆਂ 'ਤੇ ਸੋਟਾ ਮਾਰਦੀ ਹੈ। ਅਚਾਨਕ ਇਕ ਬੱਚੇ ਦੇ ਰੋਣ ਦੀ ਆਵਾਜ਼ ਆਉਂਦੀ ਹੈ।) ਹੈਂ, ਇਹ ਆਵਾਜ਼ ਕਿਥੋਂ ਆ ਰਹੀ ਏ ? (ਇਧਰ-ਉਧਰ ਵੇਖਦੀ) ਇਹ ਤਾਂ ਨਦੀ ਵੱਲੋਂ ਆ ਰਹੀ ਹੈ। ਹੈਂ...ਇਹ ਹਦਵਾਨਾ ਵੱਡਾ ਸਾਰਾ ਕਿਥੋਂ ਆ ਗਿਆ...ਇਹ ਬੱਚੇ ਦੇ ਰੋਣ ਦੀ ਆਵਾਜ਼ ਇਸ ਵਿਚੋਂ ਆ ਰਹੀ ਏ...(ਖ਼ੁਸ਼ੀ ਨਾਲ) ਰੱਬ ਨੇ ਸਾਨੂੰ ਬੱਚਾ ਦਿੱਤਾ ਏ...(ਹਦਵਾਨਾ ਚੁੱਕਦੀ ਏ) ਚੁੱਪ ਕਰ ਜਾ ਮੇਰੇ ਲਾਲ...ਭੁੱਖ ਲੱਗੀ ਏ...ਮਾਂ ਸਦਕੇ, ਮੈਂ ਹੁਣੇ ਦੁੱਧ ਦੇਨੀ ਆਂ।

*(ਕੱਪੜੇ ਉਥੇ ਹੀ ਛੱਡ ਕੇ ਹਦਵਾਨੇ ਨੂੰ ਬੱਚੇ ਵਾਕੁਣ ਚੁੱਕ ਕੇ ਤੇਜ਼-ਤੇਜ਼ ਘਰ ਵੱਲ ਜਾਂਦੀ ਹੈ। ਇਹ ਸਾਰਾ ਕੁਝ ਮੂਕ ਐਕਸ਼ਨਾਂ ਨਾਲ ਹੁੰਦਾ ਹੈ। ਮੂਡ ਅਤੇ ਦੌੜ ਸੰਗੀਤ ਦੇ ਪ੍ਰਭਾਵਾਂ ਨਾਲ ਦੱਸੇ ਜਾਂਦੇ ਹਨ। ਪਹਿਲੇ ਵਾਲੇ ਸਪਾਟ 'ਤੇ ਆਉਂਦੀ ਹੈ।)*

ਬੁੱਢੀ : ਰੱਬ ਨੇ ਸਾਨੂੰ ਬੱਚਾ ਦਿੱਤਾ ਏ।

ਬੁੱਢਾ : ਕਿਥੇ ?

ਬੁੱਢੀ : ਇਸ ਦੇ ਵਿਚ।

ਬੁੱਢਾ : ਇਹ ਤਾਂ...।

ਬੁੱਢੀ : ਕੰਨ ਲਾ ਕੇ ਸੁਣ।

*(ਕੰਨ ਲਾ ਕੇ ਸੁਣਦਾ ਹੈ। ਫੇਰ ਬੱਚੇ ਦੀ ਆਵਾਜ਼ ਆਉਂਦੀ ਹੈ।)*

ਬੁੱਢਾ : ਹਾਂ, ਇਹ ਤਾਂ ਸੱਚਮੁੱਚ ਬੱਚੇ ਦੀ ਆਵਾਜ਼ ਏ।

ਬੁੱਢੀ : ਰੱਬ ਸਾਡੇ 'ਤੇ ਮਿਹਰਬਾਨ ਏ।

ਬੁੱਢਾ : ਕਿਉਂਕਿ ਅਸੀਂ ਕੋਈ ਗੁਨਾਹ ਨਹੀਂ ਕੀਤਾ।

ਬੁੱਢੀ : ਇਸ ਬੱਚੇ ਦਾ ਅਸੀਂ ਨਾਂ ਕੀ ਰੱਖਾਂਗੇ ?

ਬੁੱਢਾ : ਹਦਵਾਣਾ ਹਰਿਆ ਏ...ਇਹਦਾ ਨਾਂ ਅਸੀਂ ਹਰਿਆ ਰੱਖਾਂਗੇ।

ਬੁੱਢੀ : ਇਹ ਨਾਂ ਚੰਗਾ ਨਹੀਂ।

ਬੁੱਢਾ : ਫੇਰ ?

ਬੁੱਢੀ : ਹਦਵਾਣਾ ਵਿਚੋਂ ਲਾਲ ਏ...ਇਸਦਾ ਨਾਂ ਅਸੀਂ ਲਾਲੀ ਰੱਖਾਂਗੇ।

ਬੁੱਢਾ : (ਸੋਚ ਕੇ) ਨਾਂ ਤੇ ਚੰਗਾ ਏ...ਲਾਲੀ।

ਬੁੱਢੀ : ਪਰ ਨਹੀਂ...ਲਾਲੀ ਨਹੀਂ, ਲਾਲੀ ਜੀ ਰੱਖਾਂਗੇ...(ਚਾਅ ਨਾਲ) ਲਾਲ ਜੀ ਇਹ ਮੇਰਾ ਲਾਲ ਜੀ...(ਲਾਲ ਜੀ ਦੀ ਲੋਰੀ ਗੁਣਗੁਣਾਉਂਦੀ ਹੈ )

*(ਲਾਈਟ ਇਕ ਘੁੰਮਦੇ ਚੱਕਰ 'ਤੇ ਪੈਂਦੀ ਹੈ, ਜੋ ਸਮੇਂ ਦਾ ਚੱਕਰ ਹੈ। ਇਸ ਘੁੰਮਦੇ ਚੱਕਰ ਵਿਚ ਹੀ ਲਾਲ ਜੀ ਵੱਡਾ ਹੋ ਗਿਆ*

*ਹੈ। ਉਸ ਦੀ ਮੇਕਅੱਪ ਇਸ ਤਰ੍ਹਾਂ ਹੈ ਕਿ ਉਹ ਮੱਸ ਫੁੱਟਦੀ ਜਵਾਨੀ ਦੀ ਉਮਰ ਦਾ ਦਿਸਦਾ ਹੈ। ਬੁੱਢਾ ਤੇ ਬੁੱਢੀ ਹੁਣ ਮਾਤਾ ਤੇ ਪਿਤਾ ਨਾਲ ਸੰਬੋਧਤ ਹੁੰਦੇ ਹਨ।)*

ਪਿਤਾ : ਲਾਲ ਜੀ ?

ਲਾਲ ਜੀ : ਹਾਂ, ਪਿਤਾ ਜੀ।

ਪਿਤਾ : ਹੁਣ ਮੈਂ ਬੁੱਢਾ ਹੋ ਗਿਆ ਹਾਂ...ਜੰਗਲ ਤੋਂ ਲੱਕੜੀ ਤੂੰ ਵੱਢ ਲਿਆਇਆ ਕਰ।

ਲਾਲ ਜੀ : ਅੱਛਾ ਪਿਤਾ ਜੀ, ਲੱਕੜੀ ਮੈਂ ਵੱਢ ਲਿਆਇਆ ਕਰਾਂਗਾ, ਹੁਣ ਮੈਂ ਜਵਾਨ ਹੋ ਗਿਆ ਹਾਂ।

ਮਾਤਾ : ਲਾਲ ਜੀ।

ਲਾਲ ਜੀ : ਹਾਂ, ਮਾਤਾ ਜੀ।

ਮਾਤਾ : ਮੈਂ ਬੁੱਢੀ ਹੋ ਗਈ ਹਾਂ...ਹੁਣ ਪਾਣੀ ਤੂੰ ਭਰ ਲਿਆਇਆ ਕਰ।

ਲਾਲ ਜੀ : ਅੱਛਾ ਮਾਤਾ ਜੀ, ਪਾਣੀ ਮੈਂ ਭਰ ਲਿਆਇਆ ਕਰਾਂਗਾ, ਹੁਣ ਮੈਂ ਜਵਾਨ ਹੋ ਗਿਆ ਹਾਂ।

ਪਿਤਾ : ਲਾਲ ਜੀ।

ਲਾਲ ਜੀ : ਹਾਂ, ਪਿਤਾ ਜੀ।

ਪਿਤਾ : ਬਾਜ਼ਾਰ ਜਾਈਂ ਤਾਂ ਮੇਰੇ ਲਈ ਖੀਲ ਲਿਆਈਂ...ਮੈਂ ਚੰਗੀ ਲੱਗਦੀ ਏ।

ਮਾਤਾ : ਲਾਲ ਜੀ।

ਲਾਲ ਜੀ : ਹਾਂ, ਮਾਤਾ ਜੀ।

ਮਾਤਾ : ਬਾਜ਼ਾਰ ਜਾਈਂ ਤਾਂ ਮੇਰੇ ਲਈ ਲੱਡੂ ਲਿਆਈਂ...ਮੈਨੂੰ ਚੰਗੇ ਲੱਗਦੇ ਨੇ।

ਲਾਲ ਜੀ : ਮੈਂ ਬਾਜ਼ਾਰ ਜਾਵਾਂਗਾ...ਪਿਤਾ ਜੀ ਲਈ ਖੀਲ ਲਿਆਵਾਂਗਾ, ਮਾਤਾ ਜੀ ਲਈ ਲੱਡੂ ਲਿਆਵਾਂਗਾ...(ਜਾਂਦਾ ਹੈ।)

ਪਿਤਾ : (ਮਾਤਾ ਨੂੰ ਲਾ ਕੇ) ਹੂੰ ਲੱਡੂਆਂ ਦੀ ਪੱਟੀ।

ਮਾਤਾ : (ਜਵਾਬੀ ਲਹਿਜੇ ਵਿਚ) ਹੂੰ ਖੀਲਾਂ ਦਾ ਪੱਟਿਆ।

*(ਦੋਨੋਂ ਹੱਸਦੇ ਹਨ।)*

ਪਿਤਾ : ਬੱਚੇ ਦਾ ਬਾਪ ਹੋਣ ਵਿਚ ਕਿੰਨਾ ਸੁਖ ਏ।

ਮਾਤਾ : ਬੱਚੇ ਦੀ ਮਾਂ ਹੋਣ ਵਿਚ ਕਿੰਨਾ ਸੁਖ ਏ।

*(ਫੇਡ ਆਊਟ, ਰੌਸ਼ਨੀ ਹੁਣ ਇਕ ਹੋਰ ਸਪਾਟ 'ਤੇ ਪੈਂਦੀ ਹੈ। ਲਾਲ ਜੀ ਨੇ ਸਿਰ 'ਤੇ ਲੱਕੜੀਆਂ ਚੁੱਕੀਆਂ ਹੋਈਆਂ ਹਨ ਤੇ ਇਕ ਪਾਸੇ ਘੜਾ ਚੁੱਕਿਆ ਹੋਇਆ ਹੈ।)*

ਲਾਲ ਜੀ : (ਆਪਣੇ ਆਪ ਵਿਚ) ਲੱਕੜੀ ਵੀ ਆ ਗਈ...ਪਾਣੀ ਵੀ ਆ ਗਿਆ...ਖੀਲ ਵੀ ਆ ਗਈ...ਲੱਡੂ ਵੀ ਆ ਗਏ...ਜਲਦੀ ਘਰ ਜਾਵਾਂ...ਪਿਤਾ ਜੀ, ਮਾਤਾ ਜੀ ਉਡੀਕਦੇ ਹੋਣਗੇ।

*(ਤੁਰਨ ਲੱਗਦਾ ਹੈ ਤਾਂ ਇਕ ਬੁੱਢੀ ਦੇ ਰੋਣ ਦੀ ਆਵਾਜ਼ ਆਉਂਦੀ ਹੈ।)*

ਲਾਲ ਜੀ : (ਇਧਰ ਉਧਰ ਵੇਖ ਕੇ) ਇਹ ਕੌਣ ਰੋ ਰਿਹਾ ਏ ?

ਬੁੱਢੀ ਮਾਂ : (ਇਕ ਪਾਸੇ ਤੋਂ) ਮੈਂ ਇਕ ਬੁੱਢੀ ਆਭਾਗੀ।

ਲਾਲ ਜੀ : ਕੀ ਨਾਂ ਏ ਤੇਰਾ ਮਾਂ ?

ਬੁੱਢੀ ਮਾਂ : ਮਨੁੱਖਤਾ।

ਲਾਲ ਜੀ : ਤੂੰ ਰੋ ਕਿਉਂ ਰਹੀ ਏਂ ?

ਬੁੱਢੀ ਮਾਂ : ਮੈਂ ਲੁੱਟੀ ਗਈ।

ਲਾਲ ਜੀ : ਕੌਣ ਲੁੱਟ ਕੇ ਲੈ ਗਿਆ ਏ ?

ਬੁੱਢੀ ਮਾਂ : ਇਕ ਵੱਡਾ ਸਾਰਾ ਦਿਓ।

ਲਾਲ ਜੀ : ਕੀ ਨਾਂ ਏ ਉਸ ਦਾ।

ਬੁੱਢੀ ਮਾਂ : ਭ੍ਰਿਸ਼ਟਾਚਾਰ।

ਲਾਲ ਜੀ : ਕੀ ਲੁੱਟ ਕੇ ਲੈ ਗਿਆ ਏ ਤੇਰਾ ?

ਬੁੱਢੀ ਮਾਂ : ਮੇਰਾ ਪੁੱਤਰ।

ਲਾਲ ਜੀ : ਕੀ ਨਾਂ ਏ ਉਸ ਦਾ ?

ਬੁੱਢੀ ਮਾਂ : ਪਿਆਰ।

ਲਾਲ ਜੀ : ਮੈਂ ਉਸ ਦਿਓ ਨੂੰ ਮਾਰਾਂਗਾ।

ਬੁੱਢੀ ਮਾਂ : ਤੈਨੂੰ ਡਰ ਨਹੀਂ ਲੱਗਦਾ ?

ਲਾਲ ਜੀ : ਨਹੀਂ।

ਬੁੱਢੀ ਮਾਂ : ਕਿਉਂ ?

ਲਾਲ ਜੀ : ਕਿਉਂਕਿ ਮੈਂ ਜਵਾਨ ਹਾਂ।

ਬੁੱਢੀ ਮਾਂ : ਮਨੁੱਖਤਾ ਜਵਾਨੀ ਨੂੰ ਵਾਸਤਾ ਪਾਉਂਦੀ ਏ, ਉਹ ਉਹਦੀ ਜਾਨ ਬਚਾਏ, ਉਹਦਾ ਪੁੱਤਰ ਪਿਆਰ ਵਾਪਸ ਲਿਆ ਦੇ...ਪਿਆਰ ਜਿਸ ਵਿਚ ਸਾਰੇ ਗੁਣ ਨੇ...ਪਿਆਰ ਜੋ ਸੋਹਣਾ ਹੈ, ਭੋਲਾ ਏ...ਸੱਚਾ ਏ। ਪੁੱਤਰਾ, ਜੇ ਤੈਨੂੰ ਦੇਰ ਹੋ ਗਈ ਤਾਂ ਭ੍ਰਿਸ਼ਟਾਚਾਰ ਉਹਨੂੰ ਖਾ ਜਾਏਗਾ...ਦਿਓ ਜਿਸ ਵਿਚ ਸਾਰੇ ਔਗੁਣ ਨੇ...ਦਿਓ ਜੋ ਭੱਦਾ ਏ, ਝੂਠਾ ਏ...ਜੇ ਮੇਰਾ ਪੁੱਤਰ ਪਿਆਰ ਵਾਪਸ ਨਾ ਆਇਆ ਤਾਂ ਮੈਂ ਮਨੁੱਖਤਾ ਰੋਂਦੀ ਰਵਾਂਗੀ...ਰੋਂਦੀ ਰਵਾਂਗੀ।

ਲਾਲ ਜੀ : ਮਨੁੱਖਤਾ ਹੁਣ ਨਿਸ਼ਚਿੰਤ ਰਹੇ...ਹੋਰ ਹੁਣ ਰੋਵੇ ਨਾ, ਕਿਉਂਕਿ ਲਾਲ

ਰੰਗ ਦੀ ਜਵਾਨੀ, ਹਾਲੇ ਜੀਊਂਦੀ ਏ।

*(ਕਾਹਲੀ ਕਾਹਲੀ ਚੱਲਦਾ ਹੈ। ਸੰਗੀਤ ਦਾ ਪ੍ਰਭਾਵ। ਫੇਰ ਉਸੇ ਥਾਂ 'ਤੇ ਆਉਂਦਾ ਹੈ, ਜਿਥੇ ਮਾਤਾ ਤੇ ਪਿਤਾ ਬੈਠੇ ਹਨ।)*

ਲਾਲ ਜੀ : ਪਿਤਾ ਜੀ, ਤੁਹਾਡੀ ਇਹ ਲੱਕੜੀ...ਮਾਤਾ ਜੀ, ਤੁਹਾਡਾ ਏ ਪਾਣੀ...ਪਿਤਾ ਜੀ ਤੁਹਾਡੇ ਲਈ ਇਹ ਖੀਲ...ਮਾਤਾ ਜੀ, ਤੁਹਾਡੇ ਲਈ ਇਹ ਲੱਡੂ...ਕੁਝ ਦਿਨਾਂ ਲਈ ਮੈਂ ਛੁੱਟੀ ਚਾਹੁੰਦਾ ਹਾਂ।

ਪਿਤਾ : ਕਿਉਂ ਛੁੱਟੀ ਚਾਹੁੰਦਾ ਏਂ ?

ਲਾਲ ਜੀ : ਮੈਂ ਦੂਰ ਜਾਣਾ ਏ।

ਮਾਤਾ : ਕਿਥੇ ਦੂਰ ਜਾਣਾ ਏ ?

ਲਾਲ ਜੀ : ਜਿਥੇ ਭ੍ਰਿਸ਼ਟਾਚਾਰ ਦਾ ਦਿਓ ਰਹਿੰਦਾ ਏ।

ਪਿਤਾ : ਤੂੰ ਉਹਨੂੰ ਕੀ ਕਹਿਣਾ ਏ ?

ਲਾਲ ਜੀ : ਮੈਂ ਉਹਦੀ ਅਲਖ ਮੁਕਾਉਣੀ ਏ।

ਮਾਤਾ : ਪਰ ਤੂੰ ਨਿੱਕਾ ਜਿਹਾ ਵੇਂ ਤੇ ਉਹ ਬਹੁਤ ਵੱਡਾ ਏ।

ਲਾਲ ਜੀ : ਕੋਈ ਗੱਲ ਨਹੀਂ।

ਪਿਤਾ : ਉਹ ਤੈਨੂੰ ਖਾ ਜਾਵੇਗਾ।

ਲਾਲ ਜੀ : ਕੋਈ ਗੱਲ ਨਹੀਂ...ਬਸ ਮੈਨੂੰ ਦੋ ਰੋਟੀਆਂ ਦੇ ਦੇਵੋ ਤਾਂ ਜੋ ਮੈਂ ਆਪਣੇ ਰਾਹ ਨੂੰ ਪਵਾਂ।

*(ਮਾਤਾ ਰੋਟੀ ਲਿਆ ਕੇ ਦੇਂਦੀ ਹੈ।)*

ਮਾਤਾ : (ਰੋਟੀ ਦੇਂਦੀ ਹੋਈ) ਪੁੱਤਰਾ ਸਾਡੀ ਅਸ਼ੀਰਵਾਦ ਤੇਰੇ ਨਾਲ...ਦਿਓ ਨੂੰ ਮਾਰ ਕੇ ਜਲਦੀ ਘਰ ਆਵੇਂ।

*(ਲਾਲ ਜੀ ਰੋਟੀ, ਸੋਟੀ ਉੱਤੇ ਬੰਨ੍ਹ ਕੇ ਤੁਰ ਪੈਂਦਾ ਹੈ। ਸੰਗੀਤ ਦਾ ਪ੍ਰਭਾਵ ਹੈ ਕਿ ਜਿਸ ਤਰ੍ਹਾਂ ਉਹ ਬਹੁਤ ਦੂਰ ਆ ਗਿਆ ਹੈ।)*

ਲਾਲ ਜੀ : (ਆਪਣੇ ਆਪ ਨਾਲ) ਥੱਕ ਗਿਆ ਹਾਂ...ਬਹਿ ਕੇ ਰੋਟੀ ਖਾ ਲਵਾਂ...(ਰੋਟੀ ਦੀ ਪੋਟਲੀ ਖੋਲ੍ਹਦਾ ਹੈ ਤੇ ਰੋਟੀ ਖਾਣ ਲਈ ਬਹਿੰਦਾ ਹੈ ਤੇ ਇਕ ਕੁੱਤਾ ਆਉਂਦਾ ਹੈ।)

ਕੁੱਤਾ : ਬਹੂੰ ਬਹੂੰ।

ਲਾਲ ਜੀ : ਕੀ ਗੱਲ ਏ ?

ਕੁੱਤਾ : ਬਹੂੰ ਬਹੂੰ...ਮੈਂ ਭੁੱਖਾ ਹਾਂ।

ਲਾਲ ਜੀ : ਭੁੱਖਾ ਏਂ ਤਾਂ ਰੋਟੀ ਖਾ ਲੈ...ਬਹੂੰ-ਬਹੂੰ ਕਿਉਂ ਕਰਨਾ ਏਂ ?

*(ਰੋਟੀ ਦੇਂਦਾ ਹੈ।)*

ਕੁੱਤਾ : ਬਹੂੰ ਬਹੂੰ...ਤੂੰ ਕਿਧਰ ਚੱਲਿਆ ਏਂ ?

ਲਾਲ ਜੀ : ਮੈਂ ਦਿਓ ਨੂੰ ਮਾਰਨ ਚੱਲਿਆ ਹਾਂ।
ਕੁੱਤਾ : ਬਹੂੰ ਬਹੂੰ...ਕਿਹੜਾ ਦਿਓ ?
ਲਾਲ ਜੀ : ਭ੍ਰਿਸ਼ਟਾਚਾਰ ਦਾ ਦਿਓ...ਜੋ ਭੱਦਾ ਏ, ਲੁੱਚਾ ਏ, ਝੂਠਾ ਏ।
ਕੁੱਤਾ : ਬਹੂੰ ਬਹੂੰ ਕਿਉਂ ?
ਲਾਲ ਜੀ : ਕਿਉਂਕਿ ਉਹਨੇ ਮਨੁੱਖਤਾ ਮਾਂ ਦਾ ਪੁੱਤਰ ਪਿਆਰ ਚੁਰਾ ਲਿਆ ਏ...ਪਿਆਰ ਜੋ ਸੋਹਣਾ ਏ...ਭੋਲਾ ਏ, ਸੱਚਾ ਏ।
ਕੁੱਤਾ : ਬਹੂੰ ਬਹੂੰ...ਮੈਂ ਵੀ ਚੱਲਾਂਗਾ ਤੇਰੇ ਨਾਲ।
ਲਾਲ ਜੀ : ਚੰਗਾ...ਪਹਿਲੇ ਰੋਟੀ ਖਾ ਲਈਏ।

*(ਰੋਟੀ ਖਾਂਦੇ ਹਨ ਤੇ ਬਾਂਦਰ ਆ ਜਾਂਦਾ ਹੈ।)*

ਬਾਂਦਰ : ਟਪੂ ਟਪੂ।
ਲਾਲ ਜੀ : ਕੀ ਗੱਲ ਏ ?
ਬਾਂਦਰ : ਮੈਨੂੰ ਭੁੱਖ ਲੱਗੀ ਏ।
ਲਾਲ ਜੀ : ਭੁੱਖ ਲੱਗੀ ਏ ਤਾਂ ਰੋਟੀ ਖਾ ਲੈ...ਟਪੂ ਟਪੂ ਕਿਉਂ ਕਰਨਾ ਏਂ ?

*(ਰੋਟੀ ਦੇਂਦਾ ਹੈ।)*

ਬਾਂਦਰ : ਟਪੂ ਟਪੂ...ਤੂੰ ਕਿਧਰ ਚੱਲਿਆ ਏਂ ?
ਲਾਲ ਜੀ : ਭ੍ਰਿਸ਼ਟਾਚਾਰ ਦੇ ਦਿਓ ਨੂੰ ਮਾਰਨ ਚੱਲਿਆ ਹਾਂ...ਜੋ ਭੱਦਾ ਏ, ਲੁੱਚਾ ਏ, ਝੂਠਾ ਹੈ।
ਬਾਂਦਰ : ਟਪੂ ਟਪੂ ਕਿਉਂ ?
ਲਾਲ ਜੀ : ਕਿਉਂਕਿ ਉਹਨੇ ਮਨੁੱਖਤਾ ਮਾਂ ਦਾ ਪੁੱਤਰ...ਪਿਆਰ ਚੁਰਾ ਲਿਆ ਏ...ਪਿਆਰ ਜੋ ਸੋਹਣਾ ਏ, ਭੋਲਾ ਏ, ਸੱਚਾ ਏ।
ਬਾਂਦਰ : ਮੈਂ ਵੀ ਚੱਲਾਂਗਾ ਤੇਰੇ ਨਾਲ।
ਲਾਲ ਜੀ : ਚੰਗਾ...ਪਹਿਲੇ ਰੋਟੀ ਖਾ ਲਈਏ।
ਕੁੱਤਾ : ਇਹਨੂੰ ਨਾ ਲਿਜਾਵੋ...ਇਹ ਸ਼ੈਤਾਨ ਏ...ਟਪੂ ਟਪੂ ਕਹਿ ਕੇ ਕੰਮ ਖਰਾਬ ਕਰ ਦੇਵੇਗਾ।
ਬਾਂਦਰ : ਟਪੂ ਟਪੂ...ਇਹਨੂੰ ਨਾ ਨਾਲ ਲਿਜਾਵੋ, ਇਹ ਬਹੂੰ ਬਹੂੰ ਕਰਕੇ ਸਾਰਾ ਕੰਮ ਖਰਾਬ ਕਰ ਦੇਵੇਗਾ।
ਕੁੱਤਾ : ਬਹੂੰ ਬਹੂੰ ਟਪੂਆਂ ਦਾ ਕੰਮ ਨਹੀਂ ਉਥੇ।
ਬਾਂਦਰ : ਟਪੂ ਟਪੂ...ਬਹੂੰਆਂ ਦਾ ਕੰਮ ਨਹੀਂ ਉਥੇ।
ਕੁੱਤਾ : ਬਹੂੰ ਬਹੂੰ।
ਬਾਦਰ : ਟਪੂ ਟਪੂ।

*(ਦੋਨੋਂ ਇਕ ਦੂਜੇ ਨਾਲ ਝਈਆਂ ਲੈਂਦੇ ਹਨ।)*

ਲਾਲ ਜੀ : ਲੜੋ ਨਾ...ਰੋਟੀ ਖਾਵੋ...ਸਾਰੇ ਜਾਵਾਂਗੇ।

*(ਰੋਟੀ ਖਾਂਦੇ ਹਨ, ਚਿੜੀ ਆਉਂਦੀ ਹੈ।)*

ਚਿੜੀ : ਚੀਂ ਚੀਂ ਮੈਨੂੰ ਭੁੱਖ ਲੱਗੀ ਏ।

ਲਾਲ ਜੀ : ਭੁੱਖ ਲੱਗੀ ਏ ਤਾਂ ਰੋਟੀ ਖਾ ਲੈ...ਚੀਂ ਚੀਂ ਕਿਉਂ ਲਾਈ ਆ।

*(ਉਹਨੂੰ ਰੋਟੀ ਦੇਂਦਾ ਹੈ।)*

ਚਿੜੀ : ਚੀਂ ਚੀਂ...ਤੁਸੀਂ ਕਿਥੇ ਚੱਲੇ ਹੋ ?

ਲਾਲ ਜੀ : ਅਸੀਂ ਭ੍ਰਿਸ਼ਟਾਚਾਰ ਦਾ ਦਿਓ ਮਾਰਨ ਚੱਲੇ ਹਾਂ...ਦਿਓ, ਜੋ ਭੱਦਾ ਏ, ਲੁੱਚਾ ਏ, ਝੂਠਾ ਏ।

ਚਿੜੀ : ਚੀਂ ਚੀਂ ਮੈਨੂੰ ਵੀ ਨਾਲ ਲੈ ਚੱਲੋ।

*(ਬਹੂੰ ਬਹੂੰ ਤੇ ਟਪੂ ਆਪਣੇ ਅੰਦਾਜ਼ ਵਿਚ ਹੱਸਦੇ ਹਨ ਤੇ ਚੀਂ ਚੀਂ ਦਾ ਮਜ਼ਾਕ ਉਡਾਉਂਦੇ ਹਨ।)*

ਕੁੱਤਾ : ਬਹੂੰ ਬਹੂੰ, ਚੀਂ ਚੀਂ ਦਿਓ ਮਾਰਨ ਜਾਏਗੀ...ਕਿਉਂ ਟਪੂ ਤੇਰਾ ਇਸ ਬਾਰੇ ਕੀ ਵਿਚਾਰ ਏ ?

ਬਾਂਦਰ : ਟਪੂ ਟਪੂ...ਇਹੋ ਕਿ ਲੋਕ ਆਪਣੀ ਔਕਾਤ ਨਹੀਂ ਪਛਾਣਦੇ।

*(ਉਨ੍ਹਾਂ ਦੇ ਹੱਸਣ 'ਤੇ ਚੀਂ-ਚੀਂ ਰੋਣ ਲੱਗ ਪੈਂਦੀ ਹੈ।)*

ਲਾਲ ਜੀ : ਕੀ ਗੱਲ ਹੋਈ ਏ, ਤੂੰ ਰੋਂਦੀ ਕਿਉਂ ਏਂ ?

ਚਿੜੀ : ਚੀਂ-ਚੀਂ ਮੈਨੂੰ ਛੇੜਦੇ ਨੇ।

ਲਾਲ ਜੀ : ਅੱਛਾ ਹੁਣ ਨਹੀਂ ਛੇੜਦੇ...ਤੂੰ ਰੋਟੀ ਖਾ ਲੈ। ਅਸੀਂ ਸਾਰੇ ਇਕੱਠੇ ਚੱਲਾਂਗੇ...(ਬਾਂਦਰ ਕੁੱਤੇ ਨੂੰ) ਸੁਣੋ ਦੋਸਤੋ...ਦਿਓ ਹੈ, ਉਹ ਵੱਡਾ ਸਾਰਾ...ਸਭ ਨਿੱਕਿਆਂ ਅਸੀਂ ਇਕੱਠੇ ਹੋ ਜਾਣਾ...ਤਾਹੀਓਂ ਦਿਓ ਨੂੰ ਮਾਰ ਮੁਕਾਣਾ।

ਕੁੱਤਾ : ਬਹੂੰ ਬਹੂੰ...ਠੀਕ ਏ।

ਬਾਂਦਰ : ਟਪੂ ਟਪੂ...ਠੀਕ ਏ।

*(ਸਾਰੇ ਇਕ ਕਾਫ਼ਲੇ ਵਿਚ ਤੁਰ ਪੈਂਦੇ ਹਨ। ਮੰਚ 'ਤੇ ਉਹ ਆਪਣੀ ਚਾਲ ਵਿਚ ਇਸ ਤਰ੍ਹਾਂ ਤੁਰਦੇ ਹਨ, ਜਿਸ ਤਰ੍ਹਾਂ ਬੜਾ ਫਾਸਲਾ ਤੈਅ ਕਰਕੇ ਆਏ ਹਨ। ਕਿਲੇ ਦੇ ਕੋਲ ਪਹੁੰਚ ਜਾਂਦੇ ਹਨ।)*

ਲਾਲ ਜੀ : (ਮੂਕ ਅਭਿਨੈ ਵਿਚ ਦਰਵਾਜ਼ਾ ਧੱਕ ਕੇ) ਦਰਵਾਜ਼ਾ ਤਾਂ ਬੰਦ ਹੈ।

ਬਾਂਦਰ : ਟਪੂ ਟਪੂ ਮੈਂ ਕੰਧ ਟੱਪ ਕੇ ਦਰਵਾਜ਼ਾ ਖੋਲ੍ਹ ਦੇਵਾਂਗਾ।

ਲਾਲ ਜੀ : ਹਾਂ, ਇਹ ਕੰਮ ਹੈ ਤੇਰਾ।

ਚਿੜੀ : ਚੀਂ ਚੀਂ...ਮੈਂ ਉੱਡ ਕੇ ਜਾਂਦੀ ਹਾਂ ਤੇ ਦੇਖਦੀ ਹਾਂ ਕਿ ਦਿਓ ਕਿਥੇ

ਹੈ ?

ਲਾਲ ਜੀ : ਹਾਂ...ਇਹ ਕੰਮ ਹੈ ਤੇਰਾ।

ਕੁੱਤਾ : ਬਹੂੰ ਬਹੂੰ...ਜਦੋਂ ਦਰਵਾਜ਼ਾ ਖੁੱਲ੍ਹ ਜਾਏਗਾ ਤਾਂ ਮੈਂ ਬਹੂੰ-ਬਹੂੰ ਕਰਕੇ ਦਿਉ ਨੂੰ ਜਗਾਵਾਂਗਾ ਤਾਂ ਜੋ ਉਹ ਬੰਦ ਕਮਰੇ ਤੋਂ ਬਾਹਰ ਆ ਜਾਏ।

ਲਾਲ ਜੀ : ਹਾਂ...ਇਹ ਕੰਮ ਹੈ ਤੇਰਾ।

*(ਮੂਕ ਅਭਿਨੈ ਵਿਚ ਸਾਰੇ ਆਪਣੇ ਆਪਣੇ ਕੰਮ ਕਰਦੇ ਹਨ। ਸੰਗੀਤ ਦਾ ਪ੍ਰਭਾਵ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਇਕ ਮੋਰਚਾ ਸਰ ਕਰਨ ਦੀ ਵੱਡੀ ਤਿਆਰੀ ਹੋ ਰਹੀ ਹੈ।)*

ਦਿਓ : (ਪਹਿਲੇ ਭਾਰੇ ਕਦਮ ਨਾਲ ਉਹਦੀ ਆਉਣ ਦੀ ਆਵਾਜ਼ ਤੇ ਫੇਰ ਉਹਦੇ ਭਾਰੇ ਬੋਲ) ਕੌਣ ਹੋ ਤੁਸੀਂ ?

ਲਾਲ ਜੀ : ਮੈਂ ਲਾਲ ਜੀ।

ਕੁੱਤਾ : ਮੈਂ ਬਹੂੰ ਬਹੂੰ।

ਬਾਦਰ : ਮੈਂ ਟਪੂ ਟਪੂ।

ਚਿੜੀ : ਮੈਂ ਚੀਂ ਚੀਂ।

ਦਿਓ : ਕੀ ਲੈਣ ਆਏ ਹੋ ?

ਲਾਲ ਜੀ : ਮਨੁੱਖਤਾ ਮਾਂ ਦਾ ਪੁੱਤਰ ਪਿਆਰ।

ਦਿਓ : ਹਾ ਹਾ...ਹਾ ਹਾ...ਉਹ ਤਾਂ ਮੇਰਾ ਬੰਦੀ ਏ।

ਲਾਲ ਜੀ : ਤੂੰ ਉਹਨੂੰ ਛੱਡ ਦੇ।

ਕੁੱਤਾ : ਬਹੂੰ ਬਹੂੰ...ਤੂੰ ਉਹਨੂੰ ਛੱਡ ਦੇ।

ਬਾਂਦਰ : ਟਪੂ ਟਪੂ...ਤੂੰ ਉਹਨੂੰ ਛੱਡ ਦੇ।

ਚਿੜੀ : ਚੀਂ ਚੀਂ...ਤੂੰ ਉਹਨੂੰ ਛੱਡ ਦੇ।

ਦਿਓ : (ਟਿਚਕਰ ਨਾਲ) ਵੱਡੇ ਆਏ ਪਿਆਰ ਦੇ ਚਾਚੇ...ਨਿੱਕੀ ਆਈ ਪਿਆਰ ਦੀ ਮਾਸੀ...ਭੱਜ ਜਾਓ ਇਥੋਂ।

ਲਾਲ ਜੀ : ਅਸੀਂ ਨਹੀਂ ਹੈ ਜਾਣਾ।

ਕੁੱਤਾ : ਬਹੂੰ ਬਹੂੰ...ਅਸੀਂ ਨਹੀਂ ਹੈ ਜਾਣਾ।

ਬਾਂਦਰ : ਟਪੂ ਟਪੂ...ਅਸੀਂ ਨਹੀਂ ਹੈ ਜਾਣਾ।

ਚਿੜੀ : ਚੀਂ ਚੀਂ...ਅਸੀਂ ਨਹੀਂ ਹੈ ਜਾਣਾ।

ਇਕੱਠੇ : ਅਸੀਂ ਨਹੀਂ ਹੈ ਜਾਣਾ...ਅਸੀਂ ਨਹੀਂ ਹੈ ਜਾਣਾ।

ਦਿਓ : ਦੱਸਦਾਂ ਹਾਂ ਇਕ-ਇਕ ਨੂੰ ਸੁਆਦ।

*(ਦਿਓ ਉਨ੍ਹਾਂ ਵੱਲ ਵਧਦਾ ਹੈ, ਇਕ ਬਾਕਾਇਦਾ ਜੰਗ ਛਿੜਦੀ ਹੈ। ਟਪੂ-ਟਪੂ ਦਾਅ ਲਾ ਕੇ ਉਹਦੀ ਪਿੱਠ ਵੱਲੋਂ ਉਹਦੇ ਗਲੇ ਨੂੰ ਪੈ ਜਾਂਦਾ ਹੈ, ਬਹੂੰ-ਬਹੂੰ ਉਹਦੀ ਲੱਤ ਨੂੰ ਲੈਂਦਾ ਹੈ। ਚੀਂ-ਚੀਂ*

*ਉਹਦੀਆਂ ਅੱਖਾਂ 'ਤੇ ਚੁੰਜਾਂ ਮਾਰਦੀ ਹੈ। ਲਾਲ ਜੀ ਤਲਵਾਰ ਨਾਲ ਵਾਰ ਕਰਦਾ ਹੈ। ਦਿਓ ਨੂੰ ਸਾਹ ਚੜ੍ਹ ਜਾਂਦਾ ਹੈ ਤੇ ਉਹ ਧੜੱਮ ਕਰਕੇ ਡਿੱਗ ਪੈਂਦਾ ਹੈ। ਸਾਰੇ ਉਸ ਉੱਤੇ ਚੜ੍ਹ ਜਾਂਦੇ ਹਨ। ਲਾਲ ਜੀ ਉਹਦੇ ਸੀਨੇ ਵਿਚ ਤਲਵਾਰ ਖੋਭਦਾ ਹੈ। ਦਿਓ ਦੇ ਮਰਨ ਤੇ ਸਾਰੇ ਖ਼ੁਸ਼ੀ ਨਾਲ ਉਹਦੇ ਆਲੇ-ਦੁਆਲੇ ਨੱਚਦੇ ਹਨ ਤੇ ਗਾਉਂਦੇ ਹਨ।)*

ਸਾਰੇ ਇਕੱਠੇ : ਸਾਰੇ ਨਿੱਕੇ ਜਦੋਂ ਰਲਣਗੇ
ਤਾਹੀਓਂ ਭੈੜੇ ਦਿਓ ਮਰਨਗੇ
ਹਾਂ ਬਈ ਭੈੜੇ ਦਿਓ ਮਰਨਗੇ
ਨਿੱਕੇ ਸਾਰੇ ਜਦੋਂ ਰਲਣਗੇ

*(ਇਨ੍ਹਾਂ ਦੇ ਨਾਚ ਵਿਚ ਹੀ ਮਨੁੱਖਤਾ ਮਾਂ ਨਿੱਕਾ ਬੱਚਾ ਚੁੱਕ ਕੇ ਸ਼ਾਮਿਲ ਹੋ ਜਾਂਦੀ ਹੈ ਤੇ ਹੌਲੇ-ਹੌਲੇ ਬੁੱਢਾ ਬੁੱਢੀ ਵੀ ਸ਼ਾਮਲ ਹੋ ਜਾਂਦੇ ਹਨ।)*

ਸਾਰੇ ਇਕੱਠੇ : ਸਾਰੇ ਨਿੱਕੇ ਜਦੋਂ ਰਲਣਗੇ
ਤਾਹੀਓਂ ਭੈੜੇ ਦਿਓ ਮਰਨਗੇ

*(ਸਮਾਪਤ)*